2023

QUESTION PAPER

AGLASEM.COM

PUNJABI

Maximum Marks : 80

Time Allowed : Three Hours

*(Candidates are allowed **additional 15 minutes** for **only** reading the paper. They must **NOT** start writing during this time.)*

*Answer questions **1, 2 and 3** in **Section A** and **four** other questions from **Section B** on **any three** out of the four prescribed textbooks.*

The intended marks for questions or parts of questions are given in brackets [ ].

SECTION—A

LANGUAGE - 40 MARKS

Question 1 **[15]**

Write a composition in approximately 400 words in Punjabi on any one of the topics given below.

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 400 ਸ਼ਬਦਾਂ ਦਾ ਲੇਖ ਲਿਖੋ।

(i) ਵਿਦਿਆਰਥੀ ਜੀਵਨ ਵਿੱਚ ਵਿਦਿਅਕ ਟੂਰ ਦੇ ਲਾਭ ਦੱਸਦੇ ਹੋਏ ਆਪਣੇ ਵਿਚਾਰ ਲਿਖੋ।

(ii) ਕਰੋਨਾ ਮਹਾਂਮਾਰੀ ਤੋਂ ਬਾਅਦ ਸਾਡੇ ਜੀਵਨ ਵਿੱਚ ਆਏ ਬਦਲਾਅ।

(iii) ਛੁੱਟੀਆਂ ਦੌਰਾਨ ਤੁਸੀਂ ਆਪਣੇ ਕਿਸੇ ਮਿੱਤਰ ਦੇ ਪਿੰਡ ਕੁਝ ਦਿਨ ਠਹਿਰੇ। ਇਸ ਦੌਰਾਨ ਤੁਹਾਨੂੰ ਪਿੰਡਾਂ ਦੀ ਜ਼ਿੰਦਗੀ ਬਾਰੇ ਬਹੁਤ ਕੁਝ ਚੰਗਾ ਸਿੱਖਣ ਦਾ ਮੌਕਾ ਮਿਲਿਆ। ਆਪਣੇ ਇਸ ਅਨੁਭਵ ਦਾ ਵਰਨਣ ਇੱਕ ਲੇਖ ਰਾਹੀਂ ਕਰੋ।

(iv) "ਸਫਲਤਾ ਦੀ ਦੌੜ ਵਿੱਚ ਇਨਸਾਨੀਅਤ ਖ਼ਤਮ ਹੋ ਰਹੀ ਹੈ।" ਇਸ ਕਥਨ ਦੇ ਹੱਕ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਦਿਉ।

(v) ਮੁਕਾਬਲੇ ਦੇ ਦੌਰ ਵਿੱਚ ਤੰਦਰੁਸਤ ਤੇ ਖੁਸ਼ ਰਹਿਣ ਦੇ ਤਰੀਕੇ ਬਿਆਨ ਕਰਦੇ ਹੋਏ ਇੱਕ ਲੇਖ ਲਿਖੋ।

(vi) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਪਰ ਮੌਲਿਕ ਕਹਾਣੀ ਲਿਖੋ :

(a) ਮਾਤਾ ਪਿਤਾ ਦੇ ਪਿਆਰ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ।

(b) ਹੇਠ ਲਿਖੇ ਵਾਕ ਅਨੁਸਾਰ ਅੰਤ ਕਰਦੀ ਹੋਈ ਕਹਾਣੀ ਲਿਖੋ :

ਕਾਸ਼ ! ਮੈਂ ਪਹਿਲਾਂ ਸੋਚਿਆਂ ਹੁੰਦਾ ਕਿ .....।

This Paper consists of 9 printed pages and one blank page.

© Copyright reserved.

Question 2

Read the passage given below carefully and answer the questions that follow, using your own words in Punjabi :

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਜਿੱਥੋਂ ਤੱਕ ਹੋ ਸਕੇ ਆਪਣੀ ਸ਼ਬਦਾਵਲੀ ਦੀ ਵਰਤੋਂ ਕਰੋ :

ਪੰਜਾਬੀ, ਭਾਰਤੀ ਪੰਜਾਬ ਸੂਬੇ ਦੀ ਸਰਕਾਰੀ ਭਾਸ਼ਾ ਹੈ ਅਤੇ ਨੇੜਲੇ ਸੂਬਿਆਂ ਵਿੱਚ ਵੀ ਬੋਲੀ ਜਾਂਦੀ ਹੈ, ਜਿਵੇਂ ਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਆਦਿ। ਪੰਜਾਬੀ ਨੂੰ ਉਨ੍ਹਾਂ ਸਾਰੇ ਮੁਲਕਾਂ ਵਿੱਚ ਵੀ ਬੋਲਿਆ ਜਾਂਦਾ ਹੈ, ਜਿੱਥੇ ਵੀ ਪੰਜਾਬੀ ਗਏ ਹਨ, ਜਿਵੇਂ ਕਿ ਇੰਗਲੈਂਡ, ਅਮਰੀਕਾ, ਆਸਟਰੇਲੀਆ ਅਤੇ ਖਾਸ ਕਰਕੇ ਕੈਨੇਡਾ, ਜਿੱਥੇ ਕਿ ਪੰਜਾਬੀ ਕੈਨੇਡਾ ਦੀ ਜਨਗਣਨਾ ਦੇ ਮੁਤਾਬਕ ਪੰਜਵੀਂ ਆਮ ਬੋਲੀ ਜਾਣ ਵਾਲੀ ਭਾਸ਼ਾ ਹੈ। ਪੰਜਾਬੀ ਸਿੱਖਾਂ ਦੀ ਧਾਰਮਿਕ ਭਾਸ਼ਾ ਵੀ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਰਚਨਾ ਕੀਤੀ ਗਈ ਹੈ। ਇਹ ਭੰਗੜਾ ਸੰਗੀਤ ਦੀ ਬੋਲੀ ਹੈ, ਜਿਸ ਦੇ ਦੱਖਣੀ ਏਸ਼ੀਆ ਅਤੇ ਸੰਸਾਰ ਭਰ ਵਿੱਚ ਚੰਗਾ ਨਾਂ ਖੱਟਿਆ ਹੈ। ਪੰਜਾਬੀ ਭਾਸ਼ਾ ਭਾਰਤ ਅਤੇ ਪਾਕਿਸਤਾਨ ਵਿੱਚ ਹੋਈ 1947 ਈਸਵੀ ਦੀ ਵੰਡ ਕਰਕੇ ਪ੍ਰਭਾਵਿਤ ਹੋਈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵੰਡੇ ਹੋਏ ਦੇਸ਼ਾਂ ਅਤੇ ਧਾਰਮਿਕ ਸਬੰਧਾਂ ਨੂੰ ਆਪਸ ਵਿੱਚ ਜੋੜਦਾ ਹੈ।

ਨਵੀਂ ਪੰਜਾਬੀ ਸ਼ਬਦਾਵਲੀ ਹੋਰ ਭਾਸ਼ਾਵਾਂ, ਜਿਵੇਂ ਹਿੰਦੀ, ਪਰਸ਼ੀਆਈ ਅਤੇ ਅੰਗਰੇਜ਼ੀ ਤੋਂ ਪ੍ਰਭਾਵਿਤ ਹੈ, ਹੋਰ ਉੱਤਰੀ ਭਾਰਤੀ ਭਾਸ਼ਾਵਾਂ ਵਾਂਗ ਇਸ ਦਾ ਵੀ ਵਿਕਾਸ ਸੰਸਕ੍ਰਿਤ ਤੋਂ ਹੋਇਆ ਹੈ। ਪੰਜਾਬੀ ਦੇ ਕਈ ਰੂਪ ਹਨ, ਜਿਵੇਂ ਕਿ ਪੱਛਮੀ ਪੰਜਾਬ ਵਿੱਚ ਲਹਿੰਦਾ ਜਾਂ ਲੇਹੰਦਾ ਅਤੇ ਪੂਰਬੀ ਪੰਜਾਬ ਵਿੱਚ ਸਿਰਆਕੀ, ਹਿੰਦਕੋ, ਮਾਝੀ, ਪੋਠੋਹਾਰੀ, ਪਰ ਇਹ ਪੰਜਾਬੀ ਦੇ ਸਾਹਮਣੇ ਨਿਗੂਣੇ ਜਿਹੇ ਹੀ ਹਨ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਈ ਲਿੱਪੀਆਂ ਹਨ, ਜੋ ਕਿ ਖੇਤਰ ਅਤੇ ਇਸ ਦੇ ਉਪਭਾਸ਼ਾ ਦੇ ਨਾਲ-ਨਾਲ ਬੋਲਣ ਵਾਲੇ ਦੇ ਖੇਤਰ ਉੱਤੇ ਵੀ ਨਿਰਭਰ ਕਰਦਾ ਹੈ। ਭਾਰਤੀ ਪੰਜਾਬ ਦੇ ਲੋਕ ਇਸ ਨੂੰ ਗੁਰਮੁਖੀ ਵਿੱਚ ਲਿਖਦੇ ਹਨ ਅਤੇ ਕਈ ਹੋਰ ਸੂਬਿਆਂ ਦੇ ਵਾਸੀ ਇਸ ਨੂੰ ਦੇਵਨਾਗਰੀ ਵਿੱਚ ਲਿਖਦੇ ਹਨ। ਪੱਛਮੀ ਪੰਜਾਬ ਵਿੱਚ ਸ਼ਾਹਮੁਖੀ ਵਰਣਮਾਲਾ ਦੇ ਰੂਪ ਵਿੱਚ ਲਿਖਿਆ ਜਾਂਦਾ ਹੈ। ਗੁਰਮੁਖੀ ਅਤੇ ਸ਼ਾਹਮੁਖੀ ਪੰਜਾਬੀ ਨੂੰ ਲਿਖਣ ਦੇ ਦੋ ਆਮ ਢੰਗ ਹਨ। ਸਮੇਂ ਨਾਲ ਪੰਜਾਬੀਆਂ 'ਚ ਲਿੱਪੀਆਂ ਦੀ ਸਾਂਝ ਖਤਮ ਹੁੰਦੀ ਜਾ ਰਹੀ ਹੈ। ਭਾਰਤੀ ਤੇ ਪਾਕਿਸਤਾਨੀ ਪੰਜਾਬੀ ਹੁਣ ਕੇਵਲ ਪੰਜਾਬੀ ਨੂੰ ਬੋਲਾਂ ਰਾਹੀਂ ਸਮਝ ਸਕਦੇ ਹਨ, ਪਰ ਲਿੱਪੀ ਦੇ ਰੂਪ 'ਚ ਨਹੀਂ।

(i) ਪੰਜਾਬੀ ਬੋਲੀ ਕਿੱਥੇ-ਕਿੱਥੇ ਬੋਲੀ ਜਾਂਦੀ ਹੈ ? **[3]**

(ii) ਪੰਜਾਬੀ ਭਾਸ਼ਾ ਕਿਹੜੀਆਂ ਭਾਸ਼ਾਵਾਂ ਤੋਂ ਪ੍ਰਭਾਵਿਤ ਹੋਈ ਅਤੇ ਇਸਦੇ ਕਿਹੜੇ ਰੂਪ ਹਨ ? **[3]**

(iii) ਪੰਜਾਬੀ ਭਾਸ਼ਾ ਵਿੱਚ ਕਿਹੜੀਆਂ ਲਿੱਪੀਆਂ ਦੀ ਵਰਤੋਂ ਹੁੰਦੀ ਹੈ ? **[3]**

(iv) "ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵੰਡੇ ਹੋਏ ਦੇਸ਼ਾਂ ਅਤੇ ਧਾਰਮਿਕ ਸੰਬੰਧਾਂ ਨੂੰ ਆਪਸ ਵਿੱਚ ਜੋੜਦਾ ਹੈ।"

(a) ਵੰਡੇ ਹੋਏ ਕਿਹੜੇ ਦੇਸ਼ਾਂ ਦਾ ਜ਼ਿਕਰ ਹੋ ਰਿਹਾ ਹੈ ? [1]

(1) ਭਾਰਤ ਅਤੇ ਬੰਗਲਾਦੇਸ਼

(2) ਭਾਰਤ ਅਤੇ ਸ਼੍ਰੀ ਲੰਕਾ

(3) ਭਾਰਤ ਅਤੇ ਪਾਕਿਸਤਾਨ

(4) ਪੰਜਾਬ ਅਤੇ ਹਰਿਆਣਾ

(b) ਦੇਸ਼ ਦੀ ਵੰਡ ਕਦੋਂ ਹੋਈ ? [1]

(1) 15 ਮਈ 1947

(2) 15 ਅਗਸਤ 1948

(3) 15 ਅਗਸਤ 1950

(4) 15 ਅਗਸਤ 1947

(c) ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਲਿੱਪੀ ਕਿਹੜੀ ਹੈ ? [1]

(1) ਅੰਗਰੇਜ਼ੀ

(2) ਗੁਰਮੁਖੀ

(3) ਰੋਮਨ

(4) ਦੇਵਨਾਗਰੀ

(v) ਸਮੇਂ ਨਾਲ ਪੰਜਾਬੀਆਂ 'ਚ ਲਿੱਪੀਆਂ ਦੀ ਸਾਂਝ ਖਤਮ ਹੁੰਦੀ ਜਾ ਰਹੀ ਹੈ।

(a) 'ਸਾਂਝ' ਸ਼ਬਦ ਦਾ ਸਹੀ ਅਰਥ ਹੈ। [1]

(1) ਵਿਰੋਧ

(2) ਨਫਰਤ

(3) ਗਹਿਰਾਈ

(4) ਆਪਸੀ ਰਿਸ਼ਤਾ

(b) 'ਮੁਲਕ' ਸ਼ਬਦ ਦਾ ਸਹੀ ਅਰਥ ਹੈ [1]

(1) ਦੇਸ਼

(2) ਨਗਰ

(3) ਸੂਬਾ

(4) ਪਿੰਡ

pglasem.com

(c) 'ਵਿਕਾਸ' ਸ਼ਬਦ ਦਾ ਸਹੀ ਅਰਥ ਹੈ। [1]

(1) ਸੁਨਹਿਰਾ

(2) ਤਰੱਕੀ

(3) ਵਿਨਾਸ਼

(4) ਅਸੰਭਵ

Question 3

(A) Correct the following sentences and rewrite as per the instructions given :

ਹੇਠ ਲਿਖੇ ਵਾਕਾਂ ਨੂੰ ਹਦਾਇਤਾਂ ਅਨੁਸਾਰ ਲਿਖੋ :

(i) ਹੇਠ ਲਿਖੇ ਵਾਕ ਦਾ ਸ਼ੁੱਧ ਰੂਪ ਲਿਖੋ : [1]

ਪਰਿਵਰਤਨ ਹੈ ਨਾਮ ਦੂਜਾ ਜ਼ਿੰਦਗੀ ਦਾ।

(ii) ਖਾਲੀ ਸਥਾਨ ਭਰੋ : [1]

ਬੱਚਿਆਂ ਨੇ ਕਹਾਣੀ ਸੁਣ ਕੇ ..... ਵਜਾਈਆਂ।

(iii) ਹੇਠ ਲਿਖੇ ਵਾਕਾਂ ਵਿੱਚੋਂ ਅਸ਼ੁੱਧ ਵਾਕ ਚੁਣੋ : [1]

(a) ਲਿਖੋ ਇੱਕ ਪੱਤਰ ਮੁੱਖ ਅਧਿਆਪਕ ਨੂੰ।

(b) ਸਕੂਲ ਵਿੱਚ ਛੁੱਟੀ ਹੈ।

(c) ਮਾਲੀ ਘਾਹ ਕੱਟ ਰਿਹਾ ਹੈ।

(d) ਇੱਕ ਰੋਟੀ ਹੋਰ ਖਾਓ।

(iv) ਹੇਠ ਲਿਖੇ ਵਾਕਾਂ ਵਿੱਚੋਂ ਸ਼ੁੱਧ ਵਾਕ ਚੁਣੋ : [1]

(a) ਰਵੀ ਜਾਂਦਾ ਹੈ ਸੈਰ ਕਰਨ।

(b) ਰਬੀ ਸ਼ੈਰ ਕਰਨ ਜਾਂਦਾ ਹੈ।

(c) ਰਵਿ ਸੈਰ ਕਰਨ ਜਾਦਾ ਹੈ।

(d) ਰਵੀ ਸੈਰ ਕਰਨ ਜਾਂਦਾ ਹੈ।

(v) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦਾ ਸਹੀ ਬਦਲ ਚੁਣੋ : [1]

ਅਧਿਆਪਕ ਜਮਾਤ ਵਿੱਚ ਪਾਠ ਦੀ <u>ਸਪੱਸ਼ਟ</u> ਕਰ ਰਿਹਾ ਹੈ।

(a) ਪ੍ਰਸੰਗ

(b) ਸੰਬੋਧਿਤ

(c) ਵਿਆਖਿਆ

(d) ਤਰੱਕੀ

(B) Use the idioms in the sentences as per the instructions given :

(i) ਹੇਠ ਲਿਖੇ ਮੁਹਾਵਰੇ ਨੂੰ ਵਾਕ ਵਿੱਚ ਵਰਤੋ : [1]

ਅਕਲ ਦਾ ਅੰਨ੍ਹਾਂ।

(ii) ਹੇਠ ਲਿਖੇ ਮੁਹਾਵਰੇ ਨੂੰ ਸ਼ੁੱਧ ਕਰੋ : [1]

ਇੱਟ ਦਾ ਜਵਾਬ ਲੋਹੇ ਨਾਲ ਦੇਣਾ।

(iii) ਹੇਠ ਲਿਖੇ ਵਾਕ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਰਾਮ ਨੇ ਉਸਤੋਂ ਕਾਪੀ ਮੰਗੀ ਤਾਂ ਉਸਨੇ ਸਾਫ ਮਨ੍ਹਾਂ ਕਰ ਦਿੱਤਾ।

(a) ਅਸਿੱਧਾ ਜਵਾਬ ਦੇਣਾ

(b) ਟਕੇ ਵਰਗਾ ਜਵਾਬ ਦੇਣਾ

(c) ਖਰੀ-ਖੋਟੀ ਸੁਣਾਉਣਾ

(d) ਅਕਲ ਤੇ ਪਰਦਾ ਪੈਣਾ

(iv) ਹੇਠ ਲਿਖੇ ਮੁਹਾਵਰੇ ਲਈ ਸਹੀ ਅਰਥ ਚੁਣੋ : [1]

'ਉੱਨ ਲਾਹੁਣਾ'

(a) ਚਮੜੀ ਉਧੇੜਣਾ

(b) ਵਾਲ ਕੱਟਣਾ

(c) ਲੁੱਟਣਾ

(d) ਕਮਾਈ ਕਰਨਾ

aglasem.com

(v) ਹੇਠ ਲਿਖੇ ਖਾਲੀ ਸਥਾਨ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਪੁਰਾਣੀਆਂ ਔਰਤਾਂ ਕਿਸੇ ਦੀ ਗੱਲ ਨਹੀਂ ਮੰਨਦੀਆਂ, ਉਹ ਤਾਂ ..... ਹੁੰਦੀਆਂ ਹਨ।

(a) ਆਕੜ ਦੀ ਪਾਕੜ

(b) ਪਾਪੜ ਵੇਲਣੇ

(c) ਉਗਲਾਂ ਤੇ ਨਚਾਉਣਾ

(d) ਲਕੀਰ ਦਾ ਫਕੀਰ

SECTION—B

LITERATURE - 40 MARKS

Answer ***four*** questions from this section on ***any three*** out of the four prescribed text books.

ਨਿਰਧਾਰਤ ਪਾਠ ਪੁਸਤਕਾਂ ਵਿੱਚੋਂ ਕਿਸੇ ਵੀ **ਤਿੰਨ** ਪੁਸਤਕਾਂ ਵਿੱਚੋਂ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਉ।

ਮੜ੍ਹੀ ਦਾ ਦੀਵਾ (MARHI DA DIVA)

Question 4

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਜਗਸੀਰ ਦੀ ਇਸ ਪੈਲੀ ਨਾਲ ਜਨਮ ਦੀ ਸਾਂਝ ਸੀ। ਜਦੋਂ ਤੋਂ ਉਸਨੇ ਸੁਰਤ ਸੰਭਾਲੀ ਸੀ ਆਪਣੇ ਪਿਓ ਨੂੰ ਇਹ ਜ਼ਮੀਨ 'ਆਪਣੀ' ਕਰਕੇ ਵਾਹੁੰਦਿਆ ਵੇਖਦਾ ਆਇਆ ਸੀ।"

(i) ਜਗਸੀਰ ਦੇ ਪਿਤਾ ਦਾ ਨਾਂ ਦੱਸੋ। [1]

(ii) ਧਰਮ ਸਿੰਘ ਦਾ ਪਿਤਾ ਜਗਸੀਰ ਦੇ ਪਿਤਾ ਨੂੰ ਕਿੱਥੋਂ ਅਤੇ ਕਿਉਂ ਲੈ ਕੇ ਆਇਆ ਸੀ ? [2]

(iii) ਧਰਮ ਸਿੰਘ ਦੇ ਪਿਤਾ ਨੇ ਧਰਮ ਸਿੰਘ ਨੂੰ ਮਰਨ ਵੇਲੇ ਕੀ ਕਿਹਾ ਸੀ ? [2]

(iv) ਜਗਸੀਰ ਦੇ ਪਿਤਾ ਦੇ ਸੁਭਾਅ ਬਾਰੇ ਦੱਸੋ। [5]

Question 5 [10]

ਭੰਤੇ ਅਤੇ ਧਰਮ ਸਿੰਘ ਦਾ ਪਾਤਰ ਚਿਤਰਨ ਕਰੋ। ਦੋਵਾਂ ਦੇ ਸੁਭਾਅ ਵਿੱਚ ਕੀ ਅੰਤਰ ਸੀ ?

Question 6 [10]

ਟਾਹਲੀ ਵੱਢਣ ਦੀ ਘਟਨਾ ਨੂੰ ਬਿਆਨ ਕਰੋ। ਇਸ ਦਾ ਜਗਸੀਰ ਦੇ ਪਰਿਵਾਰ ਉੱਤੇ ਕੀ ਪ੍ਰਭਾਵ ਪਿਆ ?

ਕਲ੍ਹ ਅੱਜ ਦੇ ਭਲਕ (KAL AJJ TE BHALAK)

Question 7

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਪ੍ਰੇਮੋ ..... "ਅਸਲ 'ਚ ਮੈਂ ਤਾਂ ਉਨ੍ਹਾਂ ਦੀਆਂ ਗੱਲਾਂ ਦੇ ਚੱਕਰ 'ਚ ਤੈਨੂੰ ਭੁੱਲ ਈ ਗਈ ਸਾਂ। ਉਲਟੀ ਮੇਰੀ ਮਤ। ਨੀ ਇਕ ਖੁਸ਼ਖਬਰੀ ਸੁਣ .....।"

(i) ਪ੍ਰੇਮੋ ਗੁਰਾਂ ਨੂੰ ਕਿਹੜੀ ਖੁਸ਼ਖਬਰੀ ਸੁਣਾਉਂਦੀ ਹੈ ? [1]

(ii) ਪ੍ਰੇਮੋ ਕਿਨ੍ਹਾਂ ਦੀਆਂ ਗੱਲਾਂ ਦੇ ਚੱਕਰ 'ਚ ਗੁਰਾਂ ਨੂੰ ਭੁੱਲ ਜਾਂਦੀ ਹੈ ? [2]

(iii) ਇਸ ਤੋਂ ਪਹਿਲਾਂ ਕਿਹੜੀ ਘਟਨਾ ਵਾਪਰਦੀ ਹੈ ਅਤੇ ਕਿੱਥੇ ? [2]

(iv) ਪ੍ਰੇਮੋ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ ? [5]

Question 8 [10]

ਰਾਜ ਮੰਤਰੀ ਦੇ ਪਿੰਡ ਦੌਰੇ ਦਾ ਸੰਖੇਪ ਵਰਨਣ ਕਰੋ।

Question 9 [10]

ਨਾਟਕ ਵਿੱਚ ਪੁਲਿਸ, ਪ੍ਰਸ਼ਾਸ਼ਨ ਅਤੇ ਮੰਤਰੀ ਵਰਗੇ ਅਹੁਦਿਆਂ ਤੇ ਕੰਮ ਕਰਦੇ ਲੋਕਾਂ ਦਾ ਕਿਹੜਾ ਰੂਪ ਸਾਹਮਣੇ ਆਉਂਦਾ ਹੈ ? ਸੰਖੇਪ ਵਿੱਚ ਦੱਸੋ।

ਕਥਾ-ਸੰਗਮ (KATHA-SANGAM)

Question 10

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਕੀ ਹਾਲ ਏ, ਧਨੀ ਕਿਸਾਨ ਸਾਹਿਬ ਦਾ ?" ਉਹ ਖ਼ਾਨਦਾਨ ਵੱਲੋਂ ਚਾਚੇ ਲਈ ਰੱਖਿਆ ਹੋਇਆ ਤਕੀਆ ਕਲਾਮ ਦੁਹਰਾ ਗਿਆ ਸੀ।

"ਬਸ ਠੀਕ ਏ ..... ।" ਉਨ੍ਹਾਂ ਦੀ ਅਵਾਜ਼ ਇੱਕ ਦਮ ਢਿੱਲੀ ਜਿਹੀ ਪੈ ਗਈ ਸੀ।

"ਐਤਕੀਂ ਫੇਰ ਕੋਈ ਨਵਾਂ ਤਜਰਬਾ ?" ਮੈਂ ਮਖੌਲ ਜਿਹੇ ਵਿੱਚ ਪੁੱਛਿਆ ਸੀ।

(i) ਉਪਰੋਕਤ ਵਾਰਤਾਲਾਪ ਕਿਸ ਕਹਾਣੀ ਵਿੱਚੋਂ ਲਏ ਗਏ ਹਨ ? ਇਸਦਾ ਲੇਖਕ ਕੌਣ ਹੈ ? **[1]**

(ii) ਉਪਰੋਕਤ ਵਾਰਤਾਲਾਪ ਕਦੋਂ ਅਤੇ ਕਿੱਥੇ ਹੋਈ ? **[2]**

(iii) ਕਿਹੜੇ ਨਵੇਂ ਤਜਰਬਿਆਂ ਦੀ ਗੱਲ ਹੋ ਰਹੀ ਹੈ ? ਇਹ ਤਜ਼ਰਬੇ ਕੌਣ ਕਰਦਾ ਹੈ ? **[2]**

(iv) ਕਹਾਣੀ ਦਾ ਵਿਸ਼ਾ ਸਪੱਸ਼ਟ ਕਰੋ। **[5]**

Question 11 **[10]**

'ਦਰਦ ਵਿਛੋੜੇ ਦਾ ਹਾਲ' ਕਹਾਣੀ ਸਰਹੱਦ ਦੇ ਦੋਵੇਂ ਪਾਸੇ ਰਹਿੰਦੇ ਲੋਕਾਂ ਦੇ ਜੀਵਨ ਬਾਰੇ ਕੀ ਬਿਆਨ ਕਰਦੀ ਹੈ ?

Question 12 **[10]**

'ਗੋਈ' ਕਹਾਣੀ ਦਾ ਵਿਸ਼ਾ ਅਤੇ ਸਾਰ ਸੰਖੇਪ ਸ਼ਬਦਾਂ ਵਿੱਚ ਲਿਖੋ।

aglasem.com

ਕਾਵਿ-ਕਿਆਰੀ (KAV KEYARI)

Question 13

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ!
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।"

(i) 'ਸ਼ਾਹ ਮੁਹੰਮਦ' ਕੌਣ ਹੈ ? [1]

(ii) ਉਪਰੋਕਤ ਸਤਰਾਂ ਵਿੱਚ ਕਿਹੜੀ ਜੰਗ ਦੀ ਗੱਲ ਹੋ ਰਹੀ ਹੈ ? ਇਸਦਾ ਨਤੀਜਾ ਕੀ ਨਿਕਲਿਆ ਸੀ ? [2]

(iii) 'ਸਰਕਾਰ' ਤੋਂ ਕੀ ਭਾਵ ਹੈ ? ਤੁਸੀਂ ਉਸ ਬਾਰੇ ਕੀ ਜਾਣਦੇ ਹੋ ? [2]

(iv) ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ। [5]

Question 14 [10]

'ਚੰਡੀ ਦੀ ਵਾਰ' ਤੋਂ ਕੀ ਭਾਵ ਹੈ ? ਇਸ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

Question 15 [10]

'ਲੂਣਾ' ਕਵਿਤਾ ਵੱਚ ਸ਼ਿਵ ਕੁਮਾਰ ਨੇ ਔਰਤ ਦੀ ਕਿਹੋ ਜਿਹੀ ਸਮਾਜਿਕ ਦਸ਼ਾ ਦਾ ਵਰਨਣ ਕੀਤਾ ਹੈ ?